# Official Spokesperson's response to media queries regarding press statement by Pakistan on construction of the ‘Ram Temple’

August 06, 2020

……………………………………………………………………………………

## ‘ਰਾਮ ਮੰਦਰ’ ਦੀ ਉਸਾਰੀ 'ਤੇ ਪਾਕਿਸਤਾਨ ਵੱਲੋਂ ਜਾਰੀ ਪ੍ਰੈਸ ਬਿਆਨ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

06 ਅਗਸਤ, 2020

**‘ਰਾਮ ਮੰਦਰ’ ਦੀ ਉਸਾਰੀ 'ਤੇ ਪਾਕਿਸਤਾਨ ਵੱਲੋਂ ਜਾਰੀ ਪ੍ਰੈਸ ਬਿਆਨ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ ਕਿ**

ਅਸੀਂ ਪਾਕਿਸਤਾਨੀ ਇਸਲਾਮੀ ਗਣਤੰਤਰ ਵੱਲੋਂ ਭਾਰਤ ਦੇ ਅੰਦਰੂਨੀ ਮਾਮਲੇ ਬਾਰੇ ਦਿੱਤਾ ਗਿਆ ਪ੍ਰੈਸ ਬਿਆਨ ਵੇਖਿਆ ਹੈ। ਇਸ ਨੂੰ ਭਾਰਤ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਫਿਰਕੂ ਭੜਕਾਹਟ ਪੈਦਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਹਾਲਾਂਕਿ ਸਰਹਦ ਪਾਰ ਅੱਤਵਾਦ ਫੈਲਾਉਣ ਅਤੇ ਆਪਣੀ ਘੱਟ ਗਿਣਤੀ ਬਿਰਾਦਰੀ ਨੂੰ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਤੋਂ ਵਾਂਝਾ ਰੱਖਣ ਵਾਲੇ ਮੁਲਕ ਵੱਲੋਂ ਦਿੱਤੇ ਗਏ ਅਜਿਹੇ ਬਿਆਨ ਹੈਰਾਨੀਜਨਕ ਨਹੀਂ ਹਨ, ਪਰ ਫਿਰ ਵੀ ਅਜਿਹੀਆਂ ਟਿੱਪਣੀਆਂ ਬਹੁਤ ਹੀ ਅਫਸੋਸਨਾਕ ਹਨ।

ਨਵੀਂ ਦਿੱਲੀ
06 ਅਗਸਤ, 2020

DISCLAIMER : This is an approximate translation. The original is available in English on MEA’s website and may be referred to as the official press release.